# ਭਗਤ ਨਾਮਦੇਉ - ਸਬਦ ੧੧

## ਅਣਮੜਿਆ ਮੰਦਲੁ ਬਾਜੈ ॥

### ਰਾਗੁ ਸੋਰਠਿ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੬੫੭

ਅਣਮੜਿਆ ਮੰਦਲੁ ਬਾਜੈ ॥
ਬਿਨੁ ਸਾਵਣ ਘਨਹਰੁ ਗਾਜੈ ॥
ਬਾਦਲ ਬਿਨੁ ਬਰਖਾ ਹੋਈ ॥
ਜਉ ਤਤੁ ਬਿਚਾਰੈ ਕੋਈ ॥੧॥
ਮੋ ਕਉ ਮਿਲਿਓ ਰਾਮੁ ਸਨੇਹੀ ॥
ਜਿਹ ਮਿਲਿਐ ਦੇਹ ਸੁਦੇਹੀ ॥੧॥ ਰਹਾਉ ॥
ਮਿਲਿ ਪਾਰਸ ਕੰਚਨੁ ਹੋਇਆ ॥
ਮੁਖ ਮਨਸਾ ਰਤਨੁ ਪਰੋਇਆ ॥
ਨਿਜ ਭਾਉ ਭਇਆ ਭ੍ਰਮੁ ਭਾਗਾ ॥
ਗੁਰ ਪੂਛੇ ਮਨੁ ਪਤੀਆਗਾ ॥੨॥
ਜਲ ਭੀਤਰਿ ਕੁੰਭ ਸਮਾਨਿਆ ॥
ਸਭ ਰਾਮੁ ਏਕੁ ਕਰਿ ਜਾਨਿਆ ॥
ਗੁਰ ਚੇਲੇ ਹੈ ਮਨੁ ਮਾਨਿਆ ॥
ਜਨ ਨਾਮੈ ਤਤੁ ਪਛਾਨਿਆ ॥੩॥੩॥

**ਸਾਰ:** ਚੇਤਨਾ ਦੀ ਏਕਮਤਾ ਅਤੇ ਏਕਤਾ ਦਾ ਅਹਿਸਾਸ ਇਕ ਅਜਿਹੀ ਅਵਸਥਾ ਹੈ ਜਿਸ ਵਿਚ ਮਨ ਵੱਖਰੀ ਪਛਾਣ ਤੋਂ ਪਾਰ ਹੋ ਜਾਂਦਾ ਹੈ ਅਤੇ ਇਕ ਸਾਂਝੇ ਪਰਪੰਚ ਦੇ ਰੂਪ ਵਿਚ ਹੋਂਦ ਦਾ ਅਨੁਭਵ ਕਰਨਾ ਸ਼ੁਰੂ ਕਰ ਦਿੰਦਾ ਹੈ। ਅਸੀਂ ਇਸ ਖੰਡ ਦੀ ਤੁਲਨਾ ਇਕੋ ਹੀ ਲਾਟ ਦੁਆਰਾ ਪ੍ਰਕਾਸ਼ਤ ਕੀਤੇ ਕਈ ਦੀਵਿਆਂ ਨਾਲ ਕਰ ਸਕਦੇ ਹਾਂ; ਹਰੇਕ ਦੀਵਾ ਰੂਪ ਵਿਚ ਵੱਖਰਾ ਹੋ ਸਕਦਾ ਹੈ, ਫਿਰ ਵੀ ਉਹ ਤੱਤ ਰੂਪ ਵਿਚ ਇਕੋ ਜਿਹੇ ਹੁੰਦੇ ਹਨ। ਇਸ ਅਹਿਸਾਸ ਵਿਚ, ਸਾਧਕ ਅਤੇ ਜਾਚਨਾ ਇਕ ਰੂਪ ਹੋ ਜਾਂਦੇ ਹਨ, ਅਤੇ ਜਾਗਰੂਕਤਾ ਦੀ ਭਾਲ ਉਸ ਬਿਬੇਕ ਦੀ ਪਛਾਣ ਬਣ ਜਾਂਦੀ ਹੈ ਜੋ ਪਹਿਲਾਂ ਤੋਂ ਹੀ ਅੰਦਰ ਵਿਦਮਾਨ ਸੀ। ਜਿਵੇਂ-ਜਿਵੇਂ ਇਹ

ਸਪੱਸ਼ਟਤਾ ਡੂੰਘੀ ਹੁੰਦੀ ਜਾਂਦੀ ਹੈ, ਦਵੈਤ ਦੀ ਭਾਵਨਾ ਘੱਟ ਜਾਂਦੀ ਹੈ, ਅਤੇ ਜੋ ਪਹਿਲਾਂ ਬਾਹਰੀ ਜਾਪਦਾ ਸੀ, ਉਹ ਅੰਤਰੀਵੀ ਤੌਰ 'ਤੇ ਹਾਜ਼ਰ ਮਹਿਸੂਸ ਹੁੰਦਾ ਹੈ। ਸਾਡੀਆਂ ਕਿਰਿਆਵਾਂ ਇਕੱਲਤਾ ਦੀ ਥਾਂ ਸਮੂਹਿਕ ਰੂਪ ਨੂੰ ਚੁਣਦੀਆਂ ਹਨ, ਜੋ ਸਾਡੇ ਕਰਮਾਂ ਅਤੇ ਉਨ੍ਹਾਂ ਦੇ ਮਿਲਣ ਵਾਲੇ ਫ਼ਲ ਵਿਚਕਾਰ ਇਕ ਗੂੜ੍ਹ ਰਿਸ਼ਤਾ ਸਥਾਪਿਤ ਕਰਦੀਆਂ ਹਨ।

ਅਣਮੜਿਆ ਮੰਦਲੁ ਬਾਜੈ ॥

ਢੋਲ ਆਪਣੇ ਚਮ ਦੇ ਪੁੜੇ ਤੋਂ ਬਿਨ੍ਹਾਂ ਵੱਜ ਰਿਹਾ ਹੈ ਇਹ ਭਾਵ ਉਸ ਅੰਤਰੀਵੀ ਨਾਦ ਨੂੰ ਦਰਸਾਉਂਦਾ ਹੈ ਜੋ , ਬਾਹਰੀ ਪ੍ਰਭਾਵ ਤੋਂ ਸੁਤੰਤਰ ਰੂਪ ਵਿਚ ਪੈਦਾ ਹੁੰਦਾ ਹੈ।

ਬਿਨੁ ਸਾਵਣ ਘਨਹਰੁ ਗਾਜੈ ॥

ਬਰਸਾਤ ਦੇ ਮੌਸਮ ਤੋਂ ਬਿਨਾਂ, ਬਦਲ ਗੂੰਜਦੇ ਹਨ। ਇਹ ਭਾਵ ਕਾਲ ਅਤੇ ਪਰਸਥਿਤੀਆਂ ਤੋਂ ਪਾਰ ਸੂਝ ਰੂਪੀ ਜਾਗਰਤੀ ਨੂੰ ਦਰਸਾਉਂਦਾ ਹੈ।

ਬਾਦਲ ਬਿਨੁ ਬਰਖਾ ਹੋਈ ॥

ਬੱਦਲਾਂ ਤੋਂ ਬਿਨਾਂ, ਮੀਂਹ ਪੈਂਦਾ ਹੈ। ਇਹ ਭਾਵ ਉਸ ਪੂਰਤੀ ਦਾ ਪ੍ਰਤੀਕ ਹੈ ਜੋ ਕਿਸੇ ਬਾਹਰੀ ਸਰੋਤ ਜਾਂ ਕਾਰਨ ਤੋਂ ਬਿਨਾਂ ਅੰਤਰ ਆਤਮਾ-ਵਿਚ ਪੈਦਾ ਹੁੰਦੀ ਹੈ।

ਜਉ ਤਤੁ ਬਿਚਾਰੈ ਕੋਈ ॥੧॥

ਇਹ ਰੁਪਾਂਤ੍ਰਣਸ਼ੀਲ ਅਨੁਭਵ ਹਕੀਕਤ ਦੀ ਪ੍ਰਕਿਰਤੀ ਉਪਰ ਕੀਤੇ ਜਾਂਦੇ ਡੂੰਘੇ ਚਿੰਤਨ ਤੋਂ ਪੈਦਾ ਹੁੰਦਾ ਹੈ, ਇਹ ਭਾਵ ਸਵੈ ਪ੍ਰਮਾਣਿਕਤਾ ਦੀ ਸਥਿਤੀ-'ਤੇ ਜ਼ੋਰ ਦਿੰਦਾ ਹੈ। (੧)

ਮੋ ਕਉ ਮਿਲਿਓ ਰਾਮੁ ਸਨੇਹੀ ॥

ਮੈਂ ਪ੍ਰੇਮ ਰੂਪੀ ਸਰਬ-ਵਿਆਪੀ ਹਾਜ਼ਰਤਾ ਦਾ ਸਾਹਮਣਾ ਕੀਤਾ ਹੈ। ਇਹ ਭਾਵ ਅਜਿਹੇ ਸੁਮੇਲ ਨੂੰ ਦਰਸਾਉਂਦਾ ਹੈ ਜਿੱਥੇ ਏਕਤਾ ਸਿਰਫ਼ ਧਾਰਣਾ ਜਾਂ ਸਿਧਾਂਤ ਨਾ ਹੋ ਕੇ ਜੀਵੰਤ ਅਤੇ ਅਨੁਭਵਯੋਗ ਸੱਚ ਵਾਂਗ ਮਹਿਸੂਸ ਹੁੰਦੀ ਹੈ।

ਜਿਹ ਮਿਲਿਐ ਦੇਹ ਸੁਦੇਹੀ ॥੧॥ ਰਹਾਉ ॥

ਜਦੋਂ ਇਸਦਾ ਸਾਹਮਣਾ ਹੁੰਦਾ ਹੈ ਤਾਂ ਸਰੀਰਕ ਹੋਂਦ ਸੁਚੱਜੀ ਅਤੇ ਸਹਿਜਮਈ ਹੋਣ ਲੱਗਦੀ ਹੈ। ਇਹ ਭਾਵ ਦਰਸਾਉਂਦਾ ਹੈ ਕਿ ਸਪਸ਼ਟ ਅਤੇ ਜਾਗਰੂਕ ਮਨ ਦਾ ਸਰੀਰ ਅਤੇ ਜੀਵਨ ਉੱਤੇ ਵੀ ਇਕ ਹਕੀਕੀ, ਸੁਰਤਾਲਮਈ ਪ੍ਰਭਾਵ ਪੈਂਦਾ ਹੈ। (੧)(ਠਹਿਰਾਉ)

ਮਿਲਿ ਪਾਰਸ ਕੰਚਨੁ ਹੋਇਆ ॥

ਪਾਰਸ ਪੱਥਰ ਨੂੰ ਛੂਹ ਕੇ ਮੈਂ ਸੋਨਾ ਬਣ ਗਿਆ ਹਾਂ। ਇਹ ਭਾਵ ਉਸ ਰੁਪਾਂਤ੍ਰਣ ਨੂੰ ਦਰਸਾਉਂਦਾ ਹੈ ਜਿਸ ਵਿਚ ਬਿਬੇਕ ਨਾਲ ਸੰਪਰਕ ਮਨ ਦੀ ਉਲਝਣਾਂ ਨੂੰ ਸਪਸ਼ਟਤਾ ਅਤੇ ਅੰਤਰੀਵੀ ਕੀਮਤ ਵਿਚ ਬਦਲ ਦਿੰਦਾ ਹੈ।

ਮੁਖ ਮਨਸਾ ਰਤਨੁ ਪਰੋਇਆ ॥

ਮੂੰਹ ਅਤੇ ਮਨ ਇਕੋ ਮੋਤੀ ਨੂੰ ਪਰੋ ਰਹੇ ਹਨ। ਇਹ ਭਾਵ ਉਸ ਸੁਰਤਾਲ ਨੂੰ ਦਰਸਾਉਂਦਾ ਹੈ ਜਿਥੇ ਕਿਸੇ ਦੇ ਬਚਨ ਅਤੇ ਵਿਚਾਰ ਉਸਦੀ ਅੰਤਰੀਵੀ ਸੱਚਾਈ ਨਾਲ ਪੂਰੀ ਤਰ੍ਹਾਂ ਇਕਰੂਪ ਹੋ ਜਾਂਦੇ ਹਨ।

ਨਿਜ ਭਾਉ ਭਇਆ ਭ੍ਰਮੁ ਭਾਗਾ ॥

ਆਪਣੀ ਨੀਅਤ ਦਾ ਚਿੰਤਨ ਕਰਦਿਆਂ ਮੇਰੇ ਸੰਦੇਹ ਮਿਟ ਗਏ ਹਨ। ਇਹ ਭਾਵ ਆਤਮ-ਸਾਕਾਰਤਾ ਨੂੰ ਦਰਸਾਉਂਦਾ ਹੈ, ਜਿੱਥੇ ਆਪਣੇ ਅਸਲ ਸਰੂਪ ਦੀ ਸਮਝ ਉਲਝਣ ਅਤੇ ਭਰਮ ਨੂੰ ਦੂਰ ਕਰ ਦਿੰਦੀ ਹੈ।

ਗੁਰ ਪੂਛੇ ਮਨੁ ਪਤੀਆਗਾ ॥੨॥

ਬਿਬੇਕ ਰਾਹੀਂ ਕੀਤੀ ਗਈ ਖੋਜ ਮਨ ਨੂੰ ਸੰਤੋਖ ਦਿੰਦੀ ਹੈ। ਇਹ ਭਾਵ ਉਸ ਸਪਸ਼ਟਤਾ ਅਤੇ ਅੰਤਰੀਵੀ ਵਿਸ਼ਵਾਸ ਵੱਲ ਇਸ਼ਾਰਾ ਕਰਦਾ ਹੈ ਜੋ ਸੱਚੇ ਆਤਮ-ਚਿੰਤਨ ਤੋਂ ਉੱਭਰਦੇ ਹਨ। (੨)

ਜਲ ਭੀਤਰਿ ਕੁੰਭ ਸਮਾਨਿਆ ॥

ਪਾਣੀ ਘੜੇ ਦੇ ਅੰਦਰ ਹੀ ਹੈ। ਇਹ ਭਾਵ ਦਰਸਾਉਂਦਾ ਹੈ ਕਿ ਆਪਾ ਇਕ ਵਿਸ਼ਾਲ, ਸਰਬ-ਵਿਆਪੀ ਹਕੀਕਤ ਦੇ ਅੰਦਰ ਵੱਸਦਾ ਹੈ।

ਸਭ ਰਾਮੁ ਏਕੁ ਕਰਿ ਜਾਨਿਆ ॥

ਮੈਂ ਇਹ ਸਮਝ ਗਿਆ ਹਾਂ ਕਿ ਸਰਬ ਵਿਆਪਕ ਊਰਜਾ ਮੂਲ ਰੂਪ ਵਿਚ ਇਕ ਹੈ। ਇਹ ਸੂਝ ਦਰਸਾਉਂਦੀ ਹੈ ਕਿ ਅਸੀਂ ਜੋ ਵੱਖ-ਵੱਖ ਰੂਪ ਵੇਖਦੇ ਹਾਂ ਉਹ ਇਕੋ ਇਕ, ਅੰਤਰੀਵ ਸਤਾ ਦਾ ਪ੍ਰਤੀਬਿੰਬ ਹਨ।

ਗੁਰ ਚੇਲੇ ਹੈ ਮਨੁ ਮਾਨਿਆ ॥

ਇਹ ਸਵਿਕਾਰ ਕਰਨਾ ਕਿ ਰਹਿਬਰ ਅਤੇ ਮੁਰੀਦ ਇਕੋ ਅੰਤਰ ਆਤਮਾ-ਨੂੰ ਮੂਰਤੀਮਾਨ ਕਰਦੇ ਹਨ। ਇਹ ਭਾਵ ਏਕੀਕ੍ਰਿਤ ਚੇਤਨਾ ਦੀ ਮਾਨਤਾ ਵੱਲ ਇਸ਼ਾਰਾ ਕਰਦਾ ਹੈ, ਜੋ ਕਿ ਬਿਬੇਕ ਦਾ ਸਰੋਤ ਅਤੇ ਪ੍ਰਾਪਤਕਰਤਾ ਦੋਵੇਂ ਹਨ।

ਜਨ ਨਾਮੈ ਤਤੁ ਪਛਾਨਿਆ ॥੩॥੩॥

ਨਾਮਦੇਵ ਕਹਿੰਦੇ ਹਨ ਕਿ ਉਨ੍ਹਾਂ ਨੇ ਮੂਲ ਤੱਤਸਾਰ ਨੂੰ ਪਛਾਣ ਲਿਆ ਹੈ। ਇਹ ਏਕਤਾ ਦੇ ਵਿਸ਼ਵਵਿਆਪੀ ਸੱਚ ਦੀ ਸੂਝ ਅਤੇ ਸਵੀਕ੍ਰਿਤੀ ਦੀ ਪੁਸ਼ਟੀ ਦਾ ਅੰਤਿਮ ਐਲਾਨਨਾਮਾ ਹੈ। (੩)(੩)

**ਤੱਤ:** ਭਗਤ ਨਾਮਦੇਵ ਸਾਨੂੰ ਅੰਤਰੀਵੀ ਅਨੁਭਵ ਦੀ ਵਿਲੱਖਣ ਪ੍ਰਕਿਰਤੀ 'ਤੇ ਵਿਚਾਰ ਕਰਨ ਲਈ ਉਤਸ਼ਾਹਿਤ ਕਰਦੇ ਹਨ, ਜੋ ਬਾਹਰੀ ਸੰਸਾਰ ਤੋਂ ਬਿਨਾਂ ਜਾਗ ਸਕਦੀ ਹੈ। ਉਹ ਬੱਦਲਾਂ ਤੋਂ ਬਿਨਾਂ ਮੀਂਹ ਅਤੇ ਆਵਾਜ਼ ਤੋਂ ਬਿਨਾਂ ਸੰਗੀਤ ਵਰਗੇ ਰੂਪਕਾਂ ਦੀ ਵਰਤੋਂ ਕਰਦੇ ਹਨ ਤਾਂ ਜੋ ਇਹ ਦਰਸਾਇਆ ਜਾ ਸਕੇ ਕਿ ਰੂਹਾਨੀ ਯਾਤਰਾ ਹਉਮੈ ਦੀਆਂ ਸੀਮਾਵਾਂ ਤੋਂ ਪਾਰ ਜਾਂਦੀ ਹੈ। ਪਾਰਸ ਦੇ ਪੱਥਰ ਦੇ ਹਵਾਲੇ ਰਾਹੀਂ, ਉਹ ਸੁਝਾਅ ਦਿੰਦੇ ਹਨ ਕਿ ਇਕ ਸਾਧਕ ਹੋਂਦ ਦੇ ਤੱਤਸਾਰ ਦੇ ਚਿੰਤਨ ਦੁਆਰਾ ਰੁਪਾਂਤ੍ਰਿਤ ਹੋ ਸਕਦਾ ਹੈ। ਇਸ ਅਵਸਥਾ ਵਿਚ, ਰਾਹਨੁਮਾ, ਸਾਧਕ ਅਤੇ ਸਤਾ ਵਿਚਕਾਰਲੇ ਅੰਤਰ ਇਕੋ ਇਕ ਸਰਬ-ਵਿਆਪੀ ਚੇਤਨਾ ਵਿਚ ਅਭੇਦ ਹੋ ਜਾਂਦੇ ਹਨ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**